# ਅੱਜ ਦੇ ਦਿਨ (ਮਿਤੀ 16 ਜੁਲਾਈ, 2020) ਦਾ ਇਤਿਹਾਸ

## ਸ਼ਹੀਦੀ ਦਿਹਾੜਾ: ਭਾਈ ਤਾਰੂ ਸਿੰਘ ਜੀ

**ਮਾਤਾ ਜੀ:** ਮਾਤਾ ਧਰਮ ਕੌਰ ਜੀ

**ਪਿਤਾ ਜੀ:** ਭਾਈ ਯੋਧ ਸਿੰਘ ਜੀ

**ਜਨਮ-ਮਿਤੀ:** ੬ ਅਕਤੂਬਰ, ੧੭੨੦ ਈ. (੨੩ ਅੱਸੂ, ਸੰਮਤ ੧੭੭੬ ਬਿ.)

**ਜਨਮ-ਸਥਾਨ:** ਪਿੰਡ ਪੂਹਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ

**ਸ਼ਹਾਦਤ ਦੀ ਮਿਤੀ:** ੧ ਜੁਲਾਈ, ੧੭੪੫ ਈ. (੧ ਸਾਵਣ, ਸੰਮਤ ੧੮੦੨ ਬਿ.)

**ਸ਼ਹਾਦਤ ਦਾ ਸਥਾਨ:** ਨਖਾਸ ਚੌਂਕ, ਲਾਹੌਰ

**ਜਨਮ ਸਮੇਂ ਦੇ ਹਾਲਾਤ:** ੧੭੧੬ ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਮੁਗ਼ਲ ਹਕੂਮਤ ਨੇ ਸਿੱਖਾਂ ਉੱਤੇ ਅੱਤਿਆਚਾਰ ਤੇਜ਼ ਕਰ ਦਿੱਤੇ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣੇ ਸ਼ੁਰੂ ਹੋ ਗਏ।ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਜ਼ੁਲਮ ਦੀ ਹੱਦ ਕਰ ਦਿੱਤੀ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਹੁਕਮ ਦੇ ਦਿੱਤੇ।ਵਿਉਂਤਬੰਦੀ ਨਾਲ ਲਾਮਬੰਦ ਹੋ ਕੇ ਜ਼ਾਲਮ ਹਕੂਮਤ ਦਾ ਸਾਹਮਣਾ ਕਰਨ ਲਈ ਸਿੰਘਾਂ ਨੇ ਜੰਗਲ਼ਾਂ ਵਿੱਚ ਨਿਵਾਸ ਕਰ ਲਿਆ।

**ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸਿਧਾਂਤ ਤੇ ਪਹਿਰਾ ਦੇਣ ਵਾਲਾ ਪਰਿਵਾਰ:** ਭਾਈ ਤਾਰੂ ਸਿੰਘ ਜੀ ਦੇ ਪਿਤਾ ਜੀ ਜ਼ਾਲਮ ਹਕੂਮਤ ਦਾ ਟਾਕਰਾ ਕਰਦੇ ਧਰਮ ਯੁੱਧ ਵਿੱਚ ਸ਼ਹੀਦ ਹੋ ਗਏ ਸਨ।ਗੁਰਸਿੱਖ ਮਾਤਾ ਜੀ ਨੇ ਉਨ੍ਹਾਂ ਦੀ ਰਗ-ਰਗ ਵਿੱਚ ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਸਿੱਖੀ ਲਈ ਪਿਆਰ ਭਰ ਦਿੱਤਾ।ਘਰ ਵਿੱਚ ਆਪ ਆਪਣੀ ਮਾਤਾ ਜੀ ਅਤੇ ਭੈਣ ਜੀ ਨਾਲ ਰਹਿੰਦੇ ਸਨ।ਦੋਵੇਂ ਭੈਣ-ਭਰਾ ਬਹੁਤ ਮਿਹਨਤੀ ਅਤੇ ਆਗਿਆਕਾਰੀ ਸਨ।ਭਾਈ ਤਾਰੂ ਸਿੰਘ ਜੀ ਨੇ ਵੱਡੇ ਹੋ ਕੇ ਖੇਤੀਬਾੜੀ ਦਾ ਕੰਮ-ਕਾਜ ਸੰਭਾਲ ਲਿਆ ਅਤੇ ਸਾਦਾ ਜੀਵਨ ਬਤੀਤ ਕਰਨ ਲੱਗ ਪਏ।ਉਹ ਖੇਤੀਬਾੜੀ ਦੀ ਉਪਜ ਦਾ ਕੁੱਝ ਹਿੱਸਾ ਤਾਂ ਸਰਕਾਰ ਨੂੰ ਕਰ ਦੇ ਰੂਪ ਵਿੱਚ ਜਮ੍ਹਾਂ ਕਰਵਾ ਦਿੰਦੇ ਅਤੇ ਬਾਕੀ ਬਚੇ ਹਿੱਸੇ ਵਿੱਚੋਂ ਥੋੜ੍ਹਾ ਜਿਹਾ ਪਰਿਵਾਰ ਲਈ ਰੱਖ ਕੇ ਬਾਕੀ ਅਨਾਜ ਜੰਗਲ਼ ਬੇਲਿਆਂ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਦੇ ਦਿੰਦੇ।ਘਰ ਆਉਣ ਵਾਲੇ ਜ਼ਰੂਰਤਮੰਦ ਲੋਕਾਂ ਦੀ ਵੀ ਉਹ ਅੰਨ-ਪਾਣੀ ਨਾਲ ਪੂਰੀ ਸੇਵਾ ਕਰਦੇ ਸਨ।ਮੁਸ਼ਕਿਲਾਂ ਭਰੇ ਹਾਲਾਤਾਂ ਵਿੱਚ ਵੀ ਭਾਈ ਤਾਰੂ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਮਿਲ ਕੇ ਸਿੰਘਾਂ ਦੀ ਸਹਾਇਤਾ ਲੰਗਰ ਤੇ ਹੋਰ ਜ਼ਰੂਰੀ ਚੀਜ਼ਾਂ ਨਾਲ ਕੀਤੀ।

**ਗ੍ਰਿਫ਼ਤਾਰੀ:** ਮੁਗਲ ਹਕੂਮਤ ਦੇ ਇਕ ਮੁਖਬਰ, ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਭਾਈ ਤਾਰੂ ਸਿੰਘ ਜੀ ਖਿਲਾਫ਼ ਗਵਰਨਰ

ਜ਼ਕਰੀਆ ਖ਼ਾਨ ਦੇ ਕੰਨ ਭਰ ਦਿੱਤੇ।ਜ਼ਕਰੀਆ ਖ਼ਾਨ ਤੋਂ ਇਹ ਬਰਦਾਸ਼ਤ ਨਾ ਹੋਇਆ ਅਤੇ ਉਸਨੇ ਤੁਰੰਤ ਹੀ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।ਉਨ੍ਹਾਂ ਨੂੰ ਬੰਦੀ ਬਣਾ ਕੇ ਪੇਸ਼ ਕੀਤਾ ਗਿਆ ਅਤੇ ਬਹੁਤ ਤਸੀਹੇ ਦਿੱਤੇ ਗਏ।ਭਾਈ ਤਾਰੂ ਸਿੰਘ ਜੀ ਨੂੰ ਸਿੰਘਾਂ ਦੀ ਸਹਾਇਤਾ ਕਰਨ (ਜੋ ਕਿ ਜ਼ਾਲਮਾਂ ਦੀ ਨਿਗ੍ਹਾ ਵਿੱਚ ਇੱਕ ਜੁਰਮ ਸੀ), ਕਾਰਨ ਬਹੁਤ ਅੱਤਿਆਚਾਰ ਸਹਿਣ ਕਰਨੇ ਪਏ ਪਰ ਉਹ ਸਿੱਖੀ ਸਿਦਕ ਤੋਂ ਜ਼ਰਾ ਵੀ ਨਾ ਡੋਲੇ।

**ਖੋਪਰੀ ਉਤਾਰਨ ਦਾ ਹੁਕਮ:** ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਕਿਹਾ ਅਤੇ ਅਜਿਹਾ ਨਾ ਮੰਨਣ 'ਤੇ ਕੇਸ ਕਤਲ ਕਰਨ ਦਾ ਹੁਕਮ ਦੇ ਦਿੱਤਾ।ਪਰ ਭਾਈ ਤਾਰੂ ਸਿੰਘ ਜੀ ਨੇ ਨਾ ਤਾਂ ਮੁਸਲਮਾਨ ਬਣਨ ਦੀ ਅਤੇ ਨਾ ਹੀ ਕੇਸ ਕਤਲ ਕਰਵਾਉਣ ਦੀ ਗੱਲ ਮੰਨੀ।ਉਨ੍ਹਾਂ ਨੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ, ਪਰ ਸਤਿਗੁਰੂ ਦੀ ਦਿੱਤੀ ਪਿਆਰੀ ਪਵਿੱਤਰ ਦਾਤ "ਕੇਸ" ਕਤਲ ਨਹੀਂ ਕਰਵਾ ਸਕਦਾ।ਇਸ ਤੋਂ ਬਾਅਦ ਜ਼ਕਰੀਆ ਖ਼ਾਨ ਨੇ ਜਲਾਦ ਨੂੰ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਕੇਸਾਂ ਸਮੇਤ ਉਤਾਰਨ ਦਾ ਹੁਕਮ ਦੇ ਦਿੱਤਾ, ਜਿਸ ਨੂੰ ਭਾਈ ਤਾਰੂ ਸਿੰਘ ਜੀ ਨੇ ਪਰਮਾਤਮਾ ਦਾ ਭਾਣਾ ਮੰਨ ਕੇ ਖਿੜੇ ਮੱਥੇ ਪ੍ਰਵਾਨ ਕੀਤਾ।ਉਨ੍ਹਾਂ ਨੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾ ਕੇ ਅਨੋਖੀ ਮਿਸਾਲ ਕਾਇਮ ਕੀਤੀ।ਜਦੋਂ ਜਲਾਦ ਆਪ ਜੀ ਦੀ ਖੋਪਰੀ

ਉਤਾਰ ਰਿਹਾ ਸੀ ਤਾਂ ਆਪ ਜੀ ਦੇ ਮੂੰਹੋਂ ਸੀ ਵੀ ਨਾ ਨਿਕਲੀ ਅਤੇ ਆਪ ਜੀ ਨਿਰੰਤਰ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ।ਪੰਥ ਪ੍ਰਕਾਸ਼ ਦੇ ਕਰਤਾ ਸ. ਰਤਨ ਸਿੰਘ ਭੰਗੂ ਜੀ ਲਿਖਦੇ ਹਨ:

**ਜਿਮ ਜਿਮ ਸਿੰਘ ਕੋ ਤੁਰਕ ਸਤਾਵੈ॥**
**ਤਿਮ ਤਿਮ ਮੁਖ ਸਿੰਘ ਲਾਲੀ ਆਵੈ॥**
**ਜਿਮ ਜਿਮ ਸਿੰਘ ਕਛੁ ਪੀਏ ਨਾ ਖਾਇ॥**
**ਤਿਮ ਤਿਮ ਸਿੰਘ ਸੰਤੋਖ ਹਵੈ ਆਇ॥**

ਕਿਹਾ ਜਾਂਦਾ ਹੈ ਕਿ ਖੋਪਰੀ ਉੱਤਰ ਜਾਣ ਤੋਂ ਬਾਅਦ ਵੀ ਆਪ ਜੀ ੨੨ ਦਿਨ ਤੱਕ ਜੀਵਤ ਰਹੇ।ਇਸ ਤਰ੍ਹਾਂ ਆਪ ਨੇ ੧ ਜੁਲਾਈ, ਸੰਨ ੧੭੪੫ ਈ. (੧ ਸਾਵਣ, ਸੰਮਤ ੧੮੦੨ ਬਿ.) ਨੂੰ ਸ਼ਹੀਦੀ ਪ੍ਰਾਪਤ ਕੀਤੀ।

ਇਤਿਹਾਸ ਅਨੁਸਾਰ ਜਿਸ ਸਮੇਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾ ਰਹੀ ਸੀ, ਉਸੇ ਸਮੇਂ ਜ਼ਕਰੀਆ ਖ਼ਾਨ ਦੇ ਪੇਟ ਵਿੱਚ ਦਰਦ ਸ਼ੁਰੂ ਹੋਇਆ ਅਤੇ ਉਸਦਾ ਪਿਸ਼ਾਬ ਬੰਦ ਹੋ ਗਿਆ।ਉਹ ਪਿਸ਼ਾਬ ਨਾ ਆਉਣ ਕਾਰਨ ਤੜਫ਼ ਰਿਹਾ ਸੀ।ਹਕੀਮਾਂ ਵੈਦਾਂ ਦੇ ਸਾਰੇ ਯਤਨ ਵਿਅਰਥ ਹੋ ਗਏ।ਉਸਨੂੰ ਸਮਝ ਆ ਚੁੱਕੀ ਸੀ ਕਿ ਇਹ ਸਭ ਗੁਰੂ ਜੀ ਦੇ ਸਿੱਖ, ਭਾਈ ਤਾਰੂ ਸਿੰਘ ਜੀ ਉੱਪਰ ਜ਼ੁਲਮ

ਕਰਨ ਕਾਰਨ ਹੀ ਹੋ ਰਿਹਾ ਹੈ।ਹਰ ਤਰ੍ਹਾਂ ਦੀ ਦਵਾ-ਦਾਰੂ ਤੋਂ ਬਾਅਦ ਵੀ ਜ਼ਕਰੀਆ ਖ਼ਾਨ ਨੂੰ ਕੋਈ ਫਰਕ ਨਾ ਪਿਆ।ਜਿਸ ਤੋਂ ਬਾਅਦ ਜ਼ਕਰੀਆ ਖ਼ਾਨ ਪੰਥ ਦੀ ਸ਼ਰਨ ਵਿੱਚ ਆ ਗਿਆ।ਪੰਥ ਦਾ ਹੁਕਮ ਹੋਇਆ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਤੇ ਮਾਰਨ ਨਾਲ ਹੀ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆਏਗਾ।ਭਾਈ ਸਾਹਿਬ ਦੀ ਜੁੱਤੀ ਮਾਰਨ ਨਾਲ ਹੀ ਤੜਫ਼ਦੇ ਹੋਏ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆਉਂਦਾ ਸੀ।ਅੰਤ ਵਿੱਚ ਇਸ ਰੋਗ ਨਾਲ ਹੀ, ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਤੋਂ ਕੁਝ ਘੰਟੇ ਪਹਿਲਾਂ, ਉਸ ਦੀ ਮੌਤ ਹੋ ਗਈ।

**ਸਿੱਖਿਆ:** ਭਾਈ ਤਾਰੂ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਨੂੰ ਅਸੀਂ ਆਪਣੀ ਨਿੱਤ ਦੀ ਅਰਦਾਸ ਵਿੱਚ ਯਾਦ ਕਰਦੇ ਹਾਂ।ਉਨ੍ਹਾਂ ਦੀ ਮਹਾਨ ਕੁਰਬਾਨੀ ਸਾਡਾ ਮਾਰਗ ਦਰਸ਼ਨ ਕਰਦਿਆਂ ਸਾਨੂੰ ਸਦਾ ਹੀ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਉਣ ਦੀ ਪ੍ਰੇਰਨਾ ਕਰਦੀ ਰਹੇਗੀ।

**ਹਵਾਲੇ:** 1. ਖ਼ੂਨ ਸ਼ਹੀਦਾਂ ਦਾ, ਪ੍ਰਕਾਸ਼ਕ: ਸਿੱਖ ਮਿਸ਼ਨਰੀ ਕਾਲਜ (ਰਜਿ.), ਲੁਧਿਆਣਾ

2. ਵਿਕੀਪੀਡੀਆ

3. ਸਿੱਖ ਹਿਸਟਰੀ ਕਾਰਡ ਭਾਗ-2 (ਡਾ. ਵਰਿੰਦਰਪਾਲ ਸਿੰਘ), ਪ੍ਰਕਾਸ਼ਕ: ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ, ਲੁਧਿਆਣਾ

4. ਸਿੱਖ ਇਤਿਹਾਸ (ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ), ਪ੍ਰਕਾਸ਼ਕ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

5. ਸਾਡਾ ਇਤਿਹਾਸ (ਪ੍ਰਿੰ. ਸਤਿਬੀਰ ਸਿੰਘ), ਪ੍ਰਕਾਸ਼ਕ: ਨਿਊ ਬੁੱਕ ਕੰਪਨੀ, ਜਲੰਧਰ

ਆਤਮ ਪਰਗਾਸ ਪਾਜ਼ਿਟਿਵ ਥਿੰਕਰਸ ਟ੍ਰੇਨਿੰਗ ਇੰਸਟੀਚਿਊਟ ਵੱਲੋਂ **"ਆਤਮ ਪਰਗਾਸ ਐਪ"** ਰਾਹੀਂ ਸਚਿਆਰ ਮਨੁੱਖਾਂ ਦੀ ਘਾੜਤ ਲਈ ਰੋਜ਼ਾਨਾ ਵਿਸ਼ੇਸ਼ ਸਬਕ ਸਾਂਝੇ ਕੀਤੇ ਜਾਂਦੇ ਹਨ।ਸਮਾਜ ਵਿੱਚ ਸਮੇਂ ਦੀ ਕਦਰ ਦੀ ਰੁਚੀ ਪ੍ਰਬਲ ਕਰਨ ਲਈ ਵਿਦਿਆਰਥੀਆਂ ਨੂੰ ਨਿਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ।ਤੁਸੀਂ ਆਪਣੇ ਐਂਨਡਰਾਇਡ ਫੋਨ ਵਿੱਚ ਇਸ ਐਪ ਰਾਹੀਂ "ਪਾਜ਼ਿਟਿਵ ਥਿੰਕਰ" ਵਜੋਂ ਰਜਿਸਟਰ ਹੋ ਕੇ ਇਨ੍ਹਾਂ ਸੇਵਾਵਾਂ ਦਾ ਲਾਹਾ ਲੈ ਸਕਦੇ ਹਨ।